ਪਿਆਰੇ ਪਰਿਵਾਰੋ,

24 ਅਪ੍ਰੈਲ - 12 ਮਈ, 2023 ਤੱਕ, ਯੌਰਕ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਵਿਦਿਆਰਥੀਆਂ ਨੂੰ Every Student Counts ਸਰਵੇਖਣ ਵਿੱਚ ਸ਼ਾਮਲ ਕਰੇਗਾ।

**ਸਰਵੇਖਣ ਦਾ ਸੰਚਾਲਨ**

- ਕਿੰਡਰਗਾਰਟਨ - ਗ੍ਰੇਡ 3 ਦੇ ਵਿਦਿਆਰਥੀਆਂ ਨੂੰ ਇੱਕ ਸੱਦਾ ਪੱਤਰ ਦੇ ਨਾਲ ਘਰ ਭੇਜਿਆ ਜਾਵੇਗਾ ਅਤੇ ਉਹਨਾਂ ਨੂੰ ਉਹਨਾਂ ਦੇ ਪਰਿਵਾਰਾਂ ਨਾਲ ਘਰ ਵਿੱਚ ਸਰਵੇਖਣ ਪੂਰਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਕਿੰਡਰਗਾਰਟਨ ਤੋਂ ਗ੍ਰੇਡ 3 ਤੱਕ EVS ਵਿੱਚ ਜਾਣ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਸਰਵੇਖਣ ਦੀ ਸੰਚਾਲਨ ਪ੍ਰਕਿਰਿਆ ਦੇ ਸਬੰਧ ਵਿੱਚ ਇੱਕ ਵੱਖਰਾ ਸੰਚਾਰ ਪ੍ਰਾਪਤ ਹੋਵੇਗਾ।
- ਗ੍ਰੇਡ 4-12 ਦੇ ਵਿਦਿਆਰਥੀਆਂ ਨੂੰ ਸਰਵੇਖਣ ਪੂਰਾ ਕਰਨ ਲਈ ਕਲਾਸ ਵਿੱਚ ਸਮਾਂ ਦਿੱਤਾ ਜਾਵੇਗਾ।
- ਜਿਨ੍ਹਾਂ ਵਿਦਿਆਰਥੀਆਂ ਦੇ ਪਰਿਵਾਰਾਂ ਨੇ ਉਹਨਾਂ ਨੂੰ ਬਾਹਰ ਰੱਖਣ (opt them out) ਦੀ ਚੋਣ ਕੀਤੀ ਹੈ ਉਹਨਾਂ ਨੂੰ ਸਰਵੇਖਣ ਪ੍ਰਾਪਤ ਨਹੀਂ ਹੋਵੇਗਾ।

ਇਹ ਸਰਵੇਖਣ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਆਪਣੇ ਅਨੁਭਵ ਅਤੇ ਕੀਮਤੀ ਫੀਡਬੈਕ ਸਾਂਝੇ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਕੱਤਰ ਕੀਤੀ ਜਾਣਕਾਰੀ ਬੋਰਡ ਨੂੰ ਵਿਦਿਆਰਥੀਆਂ ਦੀਆਂ ਵਿਭਿੰਨ ਲੋੜਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਸਿੱਖਣ ਵਿੱਚ ਰੁਕਾਵਟਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦੂਰ ਕਰਨ ਵਿੱਚ ਮਦਦ ਕਰੇਗੀ।

Every Students Counts ਸਰਵੇਖਣ ਬਾਰੇ ਜਾਣਕਾਰੀ ਅਤੇ ਨਾਲ ਹੀ ਪਰਿਵਾਰਾਂ ਨਾਲ ਪਿਛਲੇ ਸੰਚਾਰ ਬੋਰਡ ਦੀ ਵੈੱਬਸਾਈਟ 'ਤੇ ਉਪਲਬਧ ਹਨ।

ਇਸ ਮਹੱਤਵਪੂਰਨ ਪਹਿਲਕਦਮੀ ਲਈ ਤੁਹਾਡੇ ਸਮਰਥਨ ਲਈ ਧੰਨਵਾਦ।

ਦਿਲੋਂ,
Scott Yake (ਸਕੌਟ ਯੇਕ)
Director of Education (Interim) (ਡਾਇਰੈਕਟਰ ਔਫ ਐਜੁਕੇਸ਼ਨ (ਅੰਤਰਿਮ))